Alberta

News release

# ਔਨਲਾਈਨ ਰਿਨਿਊਵਲ ਅਲਬਰਟਾਵਾਸੀਆਂ ਲਈ ਸੁਵਿਧਾਜਨਕ

ਮਈ 16, 2022

## ਅਲਬਰਟਾਵਾਸੀ ਹੁਣ ਕਿਸੇ ਵੀ ਸਮੇਂ, ਕਿਤੇ ਵੀ ਆਪਣੇ ਡ੍ਰਾਈਵਰ ਲਾਇਸੰਸ ਅਤੇ ਸ਼ਨਾਖਤੀ ਕਾਰਡਾਂ ਨੂੰ ਆਨਲਾਈਨ ਰੀਨਿਊ ਕਰ ਸਕਦੇ ਹਨ।

ਅਲਬਰਟਾ ਸਰਕਾਰ ਲਾਲ ਫੀਤਾਸ਼ਾਹੀ ਨੂੰ ਘਟਾਉਣ ਅਤੇ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਕਰ ਰਹੀ ਹੈ ਜੋ ਅਲਬਰਟਾ ਵਾਸੀਆਂ ਲਈ ਬਿਹਤਰ ਅਤੇ ਸੁਵਿਧਾਜਨਕ ਹੈ। 17 ਮਈ ਤੱਕ ਅਲਬਰਟਾਵਾਸੀ ਆਪਣੇ ਡਰਾਈਵਰ ਲਾਇਸੰਸ ਅਤੇ ਸ਼ਨਾਖਤੀ ਕਾਰਡਾਂ ਦਾ ਆਨਲਾਈਨ ਨਵੀਨੀਕਰਨ ਕਰ ਸਕਦੇ ਹਨ। ਸੇਵਾਵਾਂ ਮਾਈਅਲਬਰਟਾ ਈ ਸਰਵਿਸਿਜ਼ ਪੋਰਟਲ ਰਾਹੀਂ ਉਪਲਬਧ ਹੋਣਗੀਆਂ।

ਔਨਲਾਈਨ ਰੀਨਿਊ ਕਰਨ ਲਈ ਅਲਬਰਟਨ ਇੱਕ ਪ੍ਰਮਾਣਿਤ ਖਾਤੇ ਨਾਲ ਲੌਗ ਇਨ ਕਰਨਗੇ ਅਤੇ ਉਹਨਾਂ ਨੂੰ ਹੇਠ ਲਿਖੀਆਂ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ:

- ਡ੍ਰਾਈਵਰਜ਼ ਲਾਇਸੈਂਸ ਨੂੰ ਰੀਨਿਊ ਕਰਨ ਲਈ 18 ਤੋਂ 75 ਸਾਲ ਦੀ ਉਮਰ ਜਾਂ ਆਈਡੀ ਕਾਰਡ ਨੂੰ ਰੀਨਿਊ ਕਰਨ ਲਈ ਘੱਟੋ-ਘੱਟ 18 ਸਾਲ ਦੀ ਉਮਰ ਹੋਣੀ ਚਾਹੀਦੀ ਹੈ।
- ਅਲਬਰਟਾ ਦੇ ਨਿਵਾਸੀ ਹੋਵੋ।
- ਐਕਟਿਵ ਡ੍ਰਾਈਵਿੰਗ ਲਾਇਸੰਸ ਹੋਵੇ।
- ਉਹਨਾਂ ਦੇ ਡਰਾਈਵਰ ਲਾਇਸੈਂਸ ਜਾਂ ਆਈਡੀ ਕਾਰਡ ਤੇ ਜਨਸੰਖਿਆ ਸੰਬੰਧੀ ਜਾਣਕਾਰੀ ਜਿਵੇਂ ਕਿ ਪਤਾ, ਕੱਦ ਜਾਂ ਲਿੰਗ ਵਿੱਚ ਤਬਦੀਲੀਆਂ ਦੀ ਲੋੜ ਨਹੀਂ ਹੈ।
- ਅਜਿਹਾ ਕਾਰਡ ਜਿਸਦੀ ਐਕਸਪਾਇਰੀ ਨੂੰ ਛੇ ਮਹੀਨੇ ਤੋਂ ਵੱਧ ਸਮਾਂ ਨਾ ਹੋਇਆ ਹੋਵੇ।
- ਆਪਣੇ ਡਰਾਈਵਰ ਲਾਇਸੈਂਸ ਨੂੰ ਰੀਨਿਊ ਕਰਨ ਲਈ ਡਾਕਟਰੀ ਜਾਂਚ ਰਿਪੋਰਟ ਦੀ ਲੋੜ ਨਹੀਂ ਹੈ।
- 10 ਸਾਲ ਤੋਂ ਘੱਟ ਦੇ ਪੁਰਾਣੇ ਕਾਰਡ ਤੇ ਫੋਟੋ ਅਤੇ ਹਸਤਾਖਰ ਰੱਖੋ।

# ਪ੍ਰਮੁੱਖ ਤੱਥ

- ਪ੍ਰਮਾਣਿਤ ਔਨਲਾਈਨ ਅਕਾਂਉਟ ਇੱਕ ਵਿਅਕਤੀ ਦੀ ਪਛਾਣ ਨੂੰ ਉਸੇ ਤਰ੍ਹਾਂ ਪ੍ਰਮਾਣਿਤ ਕਰਦਾ ਹੈ ਜਿਸ ਤਰ੍ਹਾਂ ਇੱਕ ਆਈਡੀ ਕਾਰਡ ਜਾਂ ਡ੍ਰਾਈਵਰ ਲਾਇਸੈਂਸ ਵਿਅਕਤੀਗਤ ਤੌਰ ਤੇ ਕਰਦਾ ਹੈ। ਇਸ ਲਈ ਅਲਬਰਟਾਵਾਸੀ ਵਿਅਕਤੀਗਤ ਸੇਵਾ ਦੀ ਲੋੜ ਤੋਂ ਬਿਨਾਂ ਸੁਰੱਖਿਅਤ ਮੋਟਰ ਵਾਹਨ ਸੇਵਾਵਾਂ ਨੂੰ ਆਨਲਾਈਨ ਪੂਰਾ ਕਰ ਸਕਦੇ ਹਨ।
    - ਜਿਨ੍ਹਾਂ ਅਲਬਰਟਾਵਾਸੀਆਂ ਕੋਲ ਪ੍ਰਮਾਣਿਤ ਖਾਤਾ ਨਹੀਂ ਹੈ ਉਹ account.alberta.ca (ਅਕਾਂਉਟ.ਅਲਬਰਟਾ.ਸੀਏ) ਤੇ ਮੁਫ਼ਤ ਸਾਈਨ ਅੱਪ ਕਰ ਸਕਦੇ ਹਨ।
    - ਤਸਦੀਕ(ਵੈਰੀਫੀਕੇਸ਼ਨ), ਵਰਤੋਂ ਕਰਤਾ ਦੀ ਖਾਤਾ ਬਣਾਉਣ ਅਤੇ ਤਸਦੀਕ ਕਰਨ ਲਈ ਲੋੜੀਂਦੀ ਜਾਣਕਾਰੀ ਨੂੰ ਸਟੋਰ ਕਰਨ ਤੋਂ ਇਲਾਵਾ ਕਿਸੇ ਵੀ ਜਾਣਕਾਰੀ ਨੂੰ ਟ੍ਰੈਕ ਨਹੀਂ ਕਰਦੀ। ਜਾਣਕਾਰੀ ਸਿਰਫ਼ ਉਹਨਾਂ ਸੇਵਾਵਾਂ ਨਾਲ ਸਾਂਝੀ ਕੀਤੀ ਜਾਂਦੀ ਹੈ ਜਿਨ੍ਹਾਂ ਕੋਲ ਇਸ ਨੂੰ ਇਕੱਤਰ ਕਰਨ ਦੀ ਲੋੜ ਅਤੇ ਅਧਿਕਾਰ ਹੈ ਤਾਂ ਜੋ ਵਿਅਕਤੀ ਸੇਵਾ ਤੱਕ ਪਹੁੰਚ ਕਰ ਸਕੇ।

- ਅਲਬਰਟਾਵਾਸੀਆਂ ਕੋਲ ਅਜੇ ਵੀ ਰਜਿਸਟਰੀ ਵਿਖੇ ਵਿਅਕਤੀਗਤ ਤੌਰ ਤੇ ਜਾਂ ਔਨਲਾਈਨ ਆਪਣੇ ਲਾਇਸੈਂਸ ਜਾਂ ਪਛਾਣ ਪੱਤਰ ਨੂੰ ਰਿਨਿਊ ਕਰਾਉਣ ਦਾ ਵਿਕਲਪ ਹੋਵੇਗਾ।
- ਔਨਲਾਈਨ ਰਿਨਿਊ ਪ੍ਰਕਿਰਿਆ ਤੋਂ ਬਾਅਦ ਅਲਬਰਟਾਵਾਸੀ MyAlberta eServices(ਮਾਈਅਲਬਰਟਾ ਈ ਸਰਵਿਸਿਜ਼) ਤੋਂ ਟੈਂਪਰੇਰੀ ਲਾਇਸੈਂਸ ਡਾਊਨਲੋਡ ਕਰ ਸਕਣਗੇ। ਲਾਇਸੰਸ ਦਾ ਉਹਨਾਂ ਦੇ ਨਵੇਂ ਕਾਰਡ ਦੇ ਡਾਕ ਵਿੱਚ ਆਉਣ ਤੋਂ ਪਹਿਲਾਂ ਐਕਸਪਾਇਰ ਹੋਣ ਦੀ ਸਥਿਤੀ ਵਿੱਚ ਟੈਂਪਰੇਰੀ ਲਾਇਸੰਸ ਦੀ ਲੋੜ ਹੋ ਸਕਦੀ ਹੈ।
- ਹੇਠ ਲਿਖੀਆਂ ਰਜਿਸਟਰੀਆਂ ਮਾਈਅਲਬਰਟਾ ਈ ਸਰਵਿਸਿਜ਼ ਦੁਆਰਾ ਔਨਲਾਈਨ ਵੀ ਉਪਲਬਧ ਹਨ:
    - ਜਨਮ ਰਜਿਸਟ੍ਰੇਸ਼ਨ ਅਤੇ ਜਨਮ ਸਰਟੀਫਿਕੇਟ ਦਾ ਆਰਡਰ
    - ਯਾਤਰੀ ਵਾਹਨਾਂ, ਮੋਟਰਸਾਈਕਲਾਂ, ਆਫ-ਹਾਈਵੇ ਵਾਹਨਾਂ ਅਤੇ ਕੁਝ ਵਪਾਰਕ ਅਤੇ ਫਾਰਮ ਵਾਹਨਾਂ ਲਈ ਇੱਕ ਸਾਲ ਦਾ ਰਜਿਸਟ੍ਰੇਸ਼ਨ ਰਿਨਿਊਵਲ
    - ਡੁਪਲੀਕੇਟ ਵਾਹਨ ਰਜਿਸਟ੍ਰੇਸ਼ਨ ਸਰਟੀਫਿਕੇਟ
    - ਇਨ-ਟਰਾਂਜ਼ਿਟ ਪਰਮਿਟ
    - ਵਿਸ਼ੇਸ਼ ਲਾਇਸੰਸ ਪਲੇਟ ਆਰਡਰ
    - ਸਟੈਂਡਰਡ ਅਤੇ ਵਪਾਰਕ ਡਰਾਈਵਰ ਐਬਸਟਰੈਕਟ(ਰਿਕਾਰਡ)
    - ਵਾਹਨ ਜਾਣਕਾਰੀ ਰਿਪੋਰਟਾਂ
- ਅਲਬਰਟਾਵਾਸੀਆਂ ਨੂੰ ਪਿਛਲੇ ਕਾਰਡਾਂ ਨੂੰ ਨਸ਼ਟ ਕਰਨ ਦੀ ਲੋੜ ਹੈ।
    - ਅਲਬਰਟਾਵਾਸੀ ਹੁਣ ਆਪਣੇ ਪਿਛਲੇ ਅਲਬਰਟਾ ਡ੍ਰਾਈਵਰਜ਼ ਲਾਇਸੰਸ ਅਤੇ ਆਈਡੀ ਕਾਰਡਾਂ ਨੂੰ ਰਜਿਸਟਰੀ ਨੂੰ ਨਹੀਂ ਸੌਂਪਣਗੇ ਅਤੇ ਕਾਰਡ ਉਦੋਂ ਤੱਕ ਆਪਣੇ ਕੋਲ ਰੱਖਣਗੇ ਜਦੋਂ ਤੱਕ ਨਵੇਂ ਕਾਰਡ ਡਾਕ ਰਾਹੀਂ ਨਹੀਂ ਆਉਂਦੇ ਭਾਵੇਂ ਉਹ ਵਿਅਕਤੀਗਤ ਤੌਰ ਤੇ ਰੀਨਿਊ ਕਰਵਾਏ ਹੋਣ।
    - ਇੱਕ ਤੋਂ ਵੱਧ ਵੈਧ ਡਰਾਈਵਰ ਲਾਇਸੈਂਸ ਰੱਖਣਾ ਇੱਕ ਜੁਰਮ ਹੈ। ਨਵੇਂ ਕਾਰਡ ਆਉਣ ਤੇ ਅਲਬਰਟਾ ਵਾਸੀਆਂ ਨੂੰ ਆਪਣੇ ਪਿਛਲੇ ਕਾਰਡਾਂ ਨੂੰ ਸੁਰੱਖਿਅਤ ਢੰਗ ਨਾਲ ਨਸ਼ਟ ਕਰਨ ਦੀ ਲੋੜ ਹੋਵੇਗੀ।

## ਸਬੰਧਿਤ ਜਾਣਕਾਰੀ

- Renew or replace a driver's licence(ਡਰਾਈਵਰ ਲਾਇਸੈਂਸ ਨੂੰ ਰਿਨਿਊ ਅਤੇ ਤਬਦੀਲ ਕਰਨਾ)
- Get an ID card(ਆਈਡੀ ਕਾਰਡ ਲਓ)
- MyAlberta eServices(ਮਾਈਅਲਬਰਟਾ ਈ ਸਰਵਿਸਿਜ਼)